**ਪੰਜਾਬ ਸਕੂਲ ਸਿੱਖਿਆ ਬੋਰਡ**
ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062
**(ਕਾਰਜ ਸੰਚਾਲਨ ਸ਼ਾਖਾ)**

ਨੰ: ਪਸਸਬ-ਕਸ-2025/ 2357
ਮਿਤੀ: 13/03/2025

ਵੱਲ

ਸਮੂਹ ਪ੍ਰਿੰਸੀਪਲਜ਼ ਕਮ ਕੇਂਦਰ ਕੰਟਰੋਲਰਜ਼,
ਮੈਰੀਟੋਰੀਅਸ ਅਤੇ ਸਕੂਲ ਆਫ ਐਮੀਨੈਂਸ ਪ੍ਰਵੇਸ਼ ਪਰੀਖਿਆ 2025
ਪੰਜਾਬ ਰਾਜ।

**ਵਿਸ਼ਾ:-** **ਮੈਰੀਟੋਰੀਅਸ ਅਤੇ ਸਕੂਲ ਆਫ ਐਮੀਨੈਂਸ ਵਿੱਚ (ਨੌਵੀਂ ਅਤੇ ਗਿਆਰਵੀਂ ਸ਼੍ਰੇਣੀ) ਦਾਖਲੇ ਲਈ ਪ੍ਰਵੇਸ਼ ਪਰੀਖਿਆ 2025 ਸਬੰਧੀ।**

ਵਿਸ਼ਾ ਅਧੀਨ ਪਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਨੌਵੀਂ ਸ਼੍ਰੇਣੀ ਲਈ ਮਿਤੀ **16-03-2025** ਨੂੰ ਅਤੇ ਗਿਆਰਵੀਂ ਸ਼੍ਰੇਣੀ ਲਈ ਮਿਤੀ **06.04.2025** ਨੂੰ ਸਵੇਰੇ **11.00** ਵਜੇ ਤੋਂ **02.00** ਵਜੇ ਤੱਕ ਤਹਿਸੀਲ ਪੱਧਰ ਤੇ ਪਰੀਖਿਆ ਕੇਂਦਰ ਸਥਾਪਿਤ ਕਰਕੇ ਕਰਵਾਈ ਜਾ ਰਹੀ ਹੈ। ਨਾਲ ਨੱਥੀ ਬਿਲਡਿੰਗ ਨੋਟਿਸ ਵਿੱਚ ਦਰਜ ਗਿਣਤੀ ਅਨੁਸਾਰ ਆਪ ਦੇ ਕੇਂਦਰ ਵਿਖੇ ਪਰੀਖਿਆਰਥੀ ਪਰੀਖਿਆ ਦੇਣਗੇ। ਇਸ ਗਿਣਤੀ ਅਨੁਸਾਰ ਫਰਨੀਚਰ, ਬਿਜਲੀ, ਪਾਣੀ ਆਦਿ ਦਾ ਪ੍ਰਬੰਧ ਕਰ ਲਿਆ ਜਾਵੇ। ਨੌਵੀਂ ਅਤੇ ਗਿਆਰਵੀਂ ਸ਼੍ਰੇਣੀ ਦੇ ਪ੍ਰਸ਼ਨ ਪੱਤਰਾਂ ਦੇ A,B,C ਕੋਡ ਹੋਣਗੇ।

ਨੌਵੀਂ ਸ਼੍ਰੇਣੀ ਦੇ ਪ੍ਰਸ਼ਨ ਪੱਤਰ/ OMR Sheet ਨੋਡਲ ਪਰੀਖਿਆ ਕੇਂਦਰ ਵਿਖੇ ਮਿਤੀ **15.03.2025** ਨੂੰ ਪਹੁੰਚਣਗੇ। ਇਸ ਪਰੀਖਿਆ ਨਾਲ ਸਬੰਧਤ ਪ੍ਰਸ਼ਨ ਪੱਤਰ/ OMR Sheet ਜਿਲ੍ਹਾ ਮੈਨੇਜਰ ਅਤੇ ਮੁੱਖ ਦਫਤਰ ਤੋਂ ਆਈ ਟੀਮ ਤੋਂ ਮਿਤੀ **16.03.2025** ਨੂੰ ਸਵੇਰੇ **08.00** ਵਜੇ ਸੀਲ ਚੈਕ ਕਰਦੇ ਹੋਏ ਪ੍ਰਾਪਤ ਕਰੋਗੇ। ਇਸੇ ਤਰ੍ਹਾਂ ਗਿਆਰਵੀਂ ਸ਼੍ਰੇਣੀ ਦੇ ਪ੍ਰਸ਼ਨ ਪੱਤਰ/ OMR Sheet ਨੋਡਲ ਪਰੀਖਿਆ ਕੇਂਦਰ ਵਿਖੇ ਮਿਤੀ **05.04.2025** ਨੂੰ ਪਹੁੰਚਣਗੇ। ਇਸ ਪਰੀਖਿਆ ਨਾਲ ਸਬੰਧਤ ਪ੍ਰਸ਼ਨ ਪੱਤਰ/ OMR Sheet ਜਿਲ੍ਹਾ ਮੈਨੇਜਰ ਅਤੇ ਮੁੱਖ ਦਫਤਰ ਤੋਂ ਆਈ ਟੀਮ ਤੋਂ ਮਿਤੀ **06.04.2025** ਨੂੰ ਸਵੇਰੇ **08.00** ਵਜੇ ਸੀਲ ਚੈਕ ਕਰਦੇ ਹੋਏ ਪ੍ਰਾਪਤ ਕਰੋਗੇ। ਪ੍ਰਸ਼ਨ ਪੱਤਰ/ OMR Sheet ਪ੍ਰਾਪਤ ਕਰਨ ਸਮੇਂ ਆਪਣਾ ਪਹਿਚਾਣ ਪੱਤਰ ਵਿਖਾਉਣਾ ਜ਼ਰੂਰੀ ਹੈ। ਇਹ ਪਰੀਖਿਆ ਬਹੁਤ ਹੀ ਅਹਿਮ ਹੈ। ਇਸ ਕਾਰਜ ਵਿੱਚ ਆਪ ਦੇ ਸਹਿਯੋਗ ਦੀ ਜਰੂਰਤ ਹੈ। ਸੁਪਰਡੰਟ, ਡਿਪਟੀ ਸੁਪਰਡੰਟ ਅਤੇ ਨਿਗਰਾਨ ਅਮਲਾ ਸਬੰਧਤ ਸਕੂਲ ਦਾ ਹੋਵੇਗਾ।

**ਪਰੀਖਿਆ ਸੁਚੱਜੇ ਢੰਗ ਨਾਲ ਕਰਵਾਉਣ ਲਈ ਹੇਠ ਲਿਖੇ ਪੁਖਤਾ ਪ੍ਰਬੰਧ ਕਰਵਾ ਲਏ ਜਾਣ:-**

1. ਜੇਕਰ ਪਰੀਖਿਆ ਦੌਰਾਨ ਕਿਸੇ ਵੀ ਤਰ੍ਹਾਂ ਦੀ ਮਹਾਂਮਾਰੀ ਦੇ ਕਾਰਨਾਂ ਕਰਕੇ ਅਣ-ਸੁਖਾਵਾਂ ਮਾਹੌਲ ਪੈਦਾ ਹੁੰਦਾ ਹੈ ਤਾਂ ਸਰਕਾਰ ਵੱਲੋਂ ਜਾਰੀ ਕੀਤੀਆਂ ਜਾਣ ਵਾਲੀਆਂ ਹਦਾਇਤਾਂ ਡਾਊਨਲੋਡ ਕੀਤੀਆਂ ਜਾਣ ਅਤੇ ਇਨ੍ਹਾਂ ਦੀ ਪਾਲਣਾ ਕੀਤੀ ਜਾਵੇ।
2. ਜੇਕਰ ਸਟਾਫ਼/ਫਰਨੀਚਰ ਦੀ ਘਾਟ ਹੋਵੇ ਤਾਂ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਨਾਲ ਸੰਪਰਕ ਕੀਤਾ ਜਾਵੇ।
3. ਕਮਰਿਆਂ ਅਤੇ ਬਾਥਰੂਮ ਦੀ ਸਫਾਈ ਵਿਸ਼ੇਸ਼ ਤੌਰ ਤੇ ਕਰਵਾਈ ਜਾਵੇ।
4. ਅਜਿਹੇ ਪ੍ਰਬੰਧ ਕੀਤੇ ਜਾਣ ਕਿ ਵਾਸ਼ਰੂਮਾਂ ਵਿੱਚ ਇੱਕ ਤੋਂ ਵੱਧ ਪਰੀਖਿਆਰਥੀ ਨਾ ਜਾਵੇ।
5. Transparent Bottle ਵਿੱਚ ਪਰੀਖਿਆਰਥੀ ਨੂੰ ਪਾਣੀ ਲਿਆਉਣ ਦੀ ਆਗਿਆ ਦਿੱਤੀ ਜਾਵੇ।
6. ਪਰੀਖਿਆਰਥੀਆਂ ਨੂੰ ਆਪਣੀ ਕੋਈ ਵੀ ਚੀਜ/ ਵਸਤੂ ਇੱਕ ਦੂਸਰੇ ਨਾਲ ਸ਼ੇਅਰ ਨਾ ਕਰਨ ਲਈ ਪ੍ਰੇਰਿਤ ਕੀਤਾ ਜਾਵੇ।
7. ਪਰੀਖਿਆਰਥੀਆਂ ਲਈ ਪਰੀਖਿਆ ਕੇਂਦਰ ਵਿੱਚ ਇੱਕ ਘੰਟਾ ਪਹਿਲਾਂ ਪਹੁੰਚਣਾ ਲਾਜਮੀ ਕੀਤਾ ਗਿਆ ਹੈ।
8. ਨੌਵੀਂ ਅਤੇ ਗਿਆਰਵੀਂ ਸ਼੍ਰੇਣੀ ਦੇ ਪ੍ਰਸ਼ਨ ਪੱਤਰਾਂ ਦੇ A,B,C ਕੋਡ ਹੋਣਗੇ। ਇੱਕ ਕਮਰੇ ਵਿੱਚ 30 ਪਰੀਖਿਆਰਥੀਆਂ ਦੇ ਹਿਸਾਬ ਨਾਲ ਬਣਦੇ ਪ੍ਰਬੰਧ ਕਰ ਲਏ ਜਾਣ।
9. ਸਕੂਲ ਲਾਗਇੰਨ ਤੇ ਪਰੀਖਿਆਰਥੀਆਂ ਸਬੰਧੀ ਡਾਟਾ ਉਪਲੱਬਧ ਕਰਵਾਇਆ ਗਿਆ ਹੈ। ਕੇਂਦਰ ਸੁਪਰਡੰਟ ਨੂੰ ਡਾਟਾ, ਪੱਤਰ , ਹਦਾਇਤਾਂ, ਹਸਤਾਖਰ ਚਾਰਟ, ਕੱਟ ਲਿਸਟ ਆਦਿ ਡਾਊਨਲੋਡ ਕਰਕੇ ਉਪਲੱਬਧ ਕਰਵਾਈਆਂ ਜਾਣ।
10. ਪਰੀਖਿਆ ਤੋਂ ਇੱਕ ਦਿਨ ਪਹਿਲਾਂ ਸਾਰੇ ਪ੍ਰਬੰਧ ਮੁਕੰਮਲ ਕਰਵਾਏ ਜਾਣ। ਕਿਸੇ ਵੀ ਤਰ੍ਹਾਂ ਦੀ ਕੁਤਾਹੀ ਨੂੰ ਗੰਭੀਰਤਾ ਨਾਲ ਲਿਆ ਜਾਵੇਗਾ।
11. ਪਰੀਖਿਆ ਕੇਂਦਰ ਦੇ ਬਾਹਰ ਪਰੀਖਿਆਰਥੀਆਂ ਦੀ ਭੀੜ ਨਾ ਹੋਣ ਦਿੱਤੀ ਜਾਵੇ।

ਪੰਨਾ ਪਰਤੋ ਜੀ....

12. ਪਰੀਖਿਆ ਦੌਰਾਨ ਕੇਂਦਰ ਵਿੱਚ ਤੇ ਬਾਹਰ ਸੁਰੱਖਿਆਂ ਦੇ ਪ੍ਰਬੰਧ ਕਰਨ ਲਈ ਲੋਕਲ ਪ੍ਰਸ਼ਾਸਨ ਨਾਲ ਸੰਪਰਕ ਕੀਤਾ ਜਾਵੇ। ਇਹ ਪਰੀਖਿਆ ਬਹੁਤ ਹੀ ਅਹਿਮ ਅਤੇ ਸੰਵੇਦਨਸ਼ੀਲ ਹੈ। ਜ਼ਿਲ੍ਹਾ ਪ੍ਰਸ਼ਾਸਨ ਨਾਲ ਸੰਪਰਕ ਕਰਕੇ ਬਾਹਰੀ ਦਖਲ-ਅੰਦਾਜੀ ਰੋਕਣ ਲਈ ਪੁਲਿਸ ਕਰਮਚਾਰੀਆਂ ਦੀ ਡਿਊਟੀ ਲਗਵਾਈ ਜਾਵੇ ਪਰੰਤੂ ਪੁਲਿਸ ਕਰਮਚਾਰੀਆਂ ਨੂੰ ਪਰੀਖਿਆ ਕੇਂਦਰ ਦੇ ਅੰਦਰ ਦਾਖਲ ਹੋਣ ਦੀ ਆਗਿਆ ਨਹੀਂ ਹੈ।

13. ਵਿਲੱਖਣ ਸਮਰੱਥਾ ਵਾਲੇ ਪਰੀਖਿਆਰਥੀਆਂ ਨੂੰ ਲਿਖਾਰੀ ਦੀ ਜਰੂਰਤ ਹੋ ਸਕਦੀ ਹੈ। ਪ੍ਰਿੰਸੀਪਲ/ਕਮ ਕੇਂਦਰ ਕੰਟਰੋਲਰ ਜਰੂਰਤ ਅਨੁਸਾਰ ਲਿਖਾਰੀ ਉਪਲਬਧ ਕਰਵਾਏਗਾ। ਇਨ੍ਹਾਂ ਪਰੀਖਿਆਰਥੀਆਂ ਨੂੰ ਹਰ ਇੱਕ ਘੰਟੇ ਪਿੱਛੇ 20 ਮਿੰਟ ਦਾ ਵਾਧੂ ਸਮਾਂ ਦਿੱਤਾ ਜਾਣਾ ਹੈ। ਬਲਾਇੰਡ ਅਤੇ ਪੱਕੇ ਤੌਰ ਤੇ ਲਿਖਣ ਤੋਂ ਅਸਮਰੱਥ ਪਰੀਖਿਆਰਥੀਆਂ ਨੂੰ ਲਿਖਾਰੀ ਉਪਲਬਧ ਕਰਵਾਇਆ ਜਾਣਾ ਹੈ; ਜੇਕਰ ਉਹ ਇਸ ਦੀ ਮੰਗ ਕਰਦੇ ਹਨ। ਲਿਖਾਰੀ ਪਰੀਖਿਆਰਥੀ ਤੋਂ ਘੱਟ ਪੜ੍ਹਿਆ ਹੋਣਾ ਚਾਹੀਦਾ ਹੈ। ਵਿਲੱਖਣ ਸਮਰੱਥਾ ਵਾਲਾ ਪਰੀਖਿਆਰਥੀ, ਲਿਖਾਰੀ ਆਪਣੇ ਨਾਲ ਲੈ ਕੇ ਆਉਂਦਾ ਹੈ ਤਾਂ ਪਰੀਖਿਆ ਸਮੇਂ ਕੇਂਦਰ ਸੁਪਰਡੰਟ ਉਸਦਾ ਆਈ.ਡੀ. ਪਰੂਫ ਅਤੇ ਵਿਦਿਅਕ ਯੋਗਤਾ ਪਰੂਫ ਉਸ ਤੋਂ ਲਏਗਾ ਅਤੇ ਸਬੰਧਤ ਪਰੀਖਿਆਰਥੀ ਦੇ ਐਡਮਿਟ ਕਾਰਡ ਨਾਲ ਦੋਵੇਂ ਪਰੂਫ ਅਟੈਚ ਕਰਕੇ ਲਾਸਟ ਪੈਕਟ ਵਿੱਚ ਪਾਏਗਾ। ਇਹ ਸੁਵਿੱਧਾ ਸਿਰਫ ਉਨ੍ਹਾਂ ਪਰੀਖਿਆਰਥੀਆਂ ਨੂੰ ਦਿੱਤੀ ਜਾਣੀ ਹੈ ਜੋ ਸਮਰੱਥ ਅਥਾਰਟੀ ਤੋਂ ਜਾਰੀ ਘੱਟੋ-ਘੱਟ 40% ਅਯੋਗਤਾ ਸਰਟੀਫਿਕੇਟ ਪਰੀਖਿਆ ਸਮੇਂ ਉਪਲਬਧ ਕਰਵਾਉਣਗੇ। ਅਯੋਗਤਾ ਸਰਟੀਫਿਕੇਟ ਦੀ ਕਾਪੀ ਸਬੰਧਤ ਪਰੀਖਿਆਰਥੀ ਦੇ ਐਡਮਿਟ ਕਾਰਡ ਨਾਲ ਅਟੈਚ ਕਰਕੇ ਲਾਸਟ ਪੈਕਟ ਵਿੱਚ ਪਾਇਆ ਜਾਵੇ।

14. ਪਰੀਖਿਆ ਦੌਰਾਨ ਪਰੀਖਿਆਰਥੀਆਂ ਨੂੰ ਪਾਣੀ ਪਿਲਾਉਣ ਲਈ ਪਰੀਖਿਆ ਸ਼ੁਰੂ ਹੋਣ ਤੋਂ ਪਹਿਲਾਂ ਹੀ ਹਾਲ ਕਮਰਿਆਂ ਵਿੱਚ ਪ੍ਰਬੰਧਤ ਕਰ ਲਿਆ ਜਾਵੇ ਤਾਂ ਜੋ ਵਾਟਰ ਮੈਨ ਦੇ ਵਾਰ-ਵਾਰ ਪਰੀਖਿਆ ਕੇਂਦਰ ਤੋਂ ਅੰਦਰ/ਬਾਹਰ ਜਾਣ ਤੇ ਕੰਟਰੋਲ ਕੀਤਾ ਜਾ ਸਕੇ। ਪਰੀਖਿਆ ਕੇਂਦਰ ਦੇ ਮੇਨਗੇਟ ਉੱਤੇ ਹਰ ਸਮੇਂ ਦਰਜਾ ਚਾਰ ਕਰਮਚਾਰੀ ਤਾਇਨਾਤ ਕੀਤਾ ਜਾਵੇ। ਕਿਸੇ ਵੀ ਹਾਲਤ ਵਿੱਚ ਗੇਟ ਨੂੰ ਤਾਲਾ ਨਾ ਲਗਾਇਆ ਜਾਵੇ ਤਾਂ ਜੋ ਉਡਣ ਦਸਤਾ ਮੁੱਖੀਆਂ ਨੂੰ ਪਰੀਖਿਆ ਕੇਂਦਰ ਤੱਕ ਪਹੁੰਚਣ ਵਿੱਚ ਕੋਈ ਵੀ ਦਿਕਤ ਪੇਸ਼ ਨਾ ਆਵੇ। ਜੇਕਰ ਕਿਸੇ ਪਰੀਖਿਆ ਕੇਂਦਰ ਵਿੱਚ ਨਕਲ ਦਾ ਰੁਝਾਨ ਪਾਇਆ ਜਾਂਦਾ ਹੈ, ਇਸ ਦੀ ਪੁਸ਼ਟੀ ਉਡਣ ਦਸਤੇ ਮੁਖੀ ਵੱਲੋਂ ਕੀਤੀ ਜਾਂਦੀ ਹੈ ਤਾਂ ਸਬੰਧਤ ਦੋਸ਼ੀ ਅਮਲੇ ਵਿਰੁੱਧ ਬਣਦੀ ਅਨੁਸ਼ਾਸ਼ਨੀ ਕਾਰਵਾਈ ਕਰਨ ਲਈ ਨਿਯੁਕਤੀਕਾਰ ਨੂੰ ਲਿਖ ਦਿੱਤਾ ਜਾਵੇਗਾ।

15. ਪਰੀਖਿਆ ਕੇਂਦਰ ਵਿੱਚ ਸਮੂਹ ਨਿਗਰਾਨ ਅਮਲਾ ਅਤੇ ਪਰੀਖਿਆਰਥੀ ਮੋਬਾਇਲ ਫੋਨ/ ਜਾਂ ਕਿਸੇ ਵੀ ਕਿਸਮ ਦੀ ਇਲੈਕਟ੍ਰੋਨਿਕਸ ਡਿਵਾਈਸ ਨਹੀਂ ਲੈ ਕੇ ਜਾ ਸਕਦਾ। ਕੇਵਲ ਕੇਂਦਰ ਸੁਪਰਡੰਟ, ਅਬਜ਼ਰਵਰ, ਫਲਾਇੰਗ ਸਕੁਐਡ ਨੂੰ ਪਰੀਖਿਆ ਕੇਂਦਰ ਅੰਦਰ ਮੋਬਾਇਲ ਫੋਨ ਲਿਜਾਣ ਦੀ ਆਗਿਆ ਹੋਵੇਗੀ (ਵਿਦਿਆਰਥੀਆਂ ਦੇ ਰੋਲ ਨੰ ਸਕੈਨਰ ਐਪ ਰਾਹੀਂ ਵੈਰੀਫਾਈ ਕਰਨ)।ਪਰੀਖਿਆ ਨਾਲ ਸਬੰਧਤ ਹੋਰ ਅਮਲੇ/ਸਟਾਫ ਦੇ ਮੋਬਾਇਲ ਫੋਨ ਰੱਖਣ ਲਈ ਕੇਂਦਰ ਕੰਟਰੋਲਰ ਵੱਲੋਂ ਅਲੱਗ ਤੋਂ ਇੰਤਜਾਮ ਕਰਵਾਇਆ ਜਾਵੇਗਾ।

c) ਜੇਕਰ ਕੋਈ ਅਧਿਆਪਕ ਪਰੀਖਿਆ ਕੇਂਦਰ ਵਿੱਚ ਮੋਬਾਇਲ/ਇਲੈਕਟ੍ਰੋਨਿਕ ਡਿਵਾਈਸ ਲੈ ਕੇ ਜਾਂਦਾ ਹੈ ਤਾਂ ਉਸ ਵਿਰੁੱਧ ਵਿਭਾਗੀ ਕਾਰਵਾਈ ਲਈ ਸਬੰਧਤ ਅਥਾਰਟੀ ਨੂੰ ਲਿਖਿਆ ਜਾਵੇਗਾ।

d) ਜੇਕਰ ਕੋਈ ਪਰੀਖਿਆਰਥੀ ਪਰੀਖਿਆ ਕੇਂਦਰ ਵਿੱਚ ਮੋਬਾਇਲ / ਇਲੈਕਟ੍ਰੋਨਿਕ ਡਿਵਾਈਸ ਲੈ ਕੇ ਜਾਂਦਾ ਹੈ ਤਾਂ ਉਸ ਵਿਰੁੱਧ ਅਣ – ਉਚਿਤ ਸਾਧਨਾਂ ਦੀ ਵਰਤੋਂ ਕਰਨ ਤਹਿਤ ਕੇਸ ਦਰਜ ਕੀਤਾ ਜਾਵੇਗਾ।

16. ਪ੍ਰੋਜੈਕਟ ਡਾਇਰੈਕਟਰ, ਸੋਸਾਇਟੀ ਫਾਰ ਪ੍ਰਮੋਸ਼ਨ ਆਫ ਕੁਆਲਿਟੀ ਐਜੂਕੇਸ਼ਨ ਫਾਰ ਪੂਅਰ ਐਂਡ ਮੈਰੀਟੋਰੀਅਸ ਵੱਲੋਂ ਜਾਰੀ ਅਧਿਕਾਰਤ ਪੱਤਰ ਤੋਂ ਬਿਨਾਂ ਕਿਸੇ ਵੀ ਫਲਾਇੰਗ ਸਕੁਐਡ ਨੂੰ ਪਰੀਖਿਆ ਕੇਂਦਰ ਦੇ ਅੰਦਰ ਦਾਖਲ ਹੋਣ ਦੀ ਆਗਿਆ ਨਹੀਂ ਹੋਵੇਗੀ। ਇਸ ਸਬੰਧੀ ਕੇਂਦਰ ਸੁਪਰਡੰਟ ਨੂੰ ਹਦਾਇਤ ਕਰ ਦਿੱਤੀ ਜਾਵੇ।

17. ਪਰੀਖਿਆ ਤੋਂ ਇੱਕ ਦਿਨ ਪਹਿਲਾਂ ਸਮੁੱਚੇ ਪ੍ਰਬੰਧਾਂ ਦਾ ਜਾਇਜਾ ਲੈ ਲਿਆ ਜਾਵੇ।

18. ਪਰੀਖਿਆ ਦੀ ਸਮਾਪਤੀ ਉਪਰੰਤ ਹੱਲ ਹੋਈਆਂ ਉੱਤਰ-ਪੱਤਰੀਆਂ (ਬਿਨ੍ਹਾਂ ਫੋਲਡ ਕੀਤੇ) ਦੇ ਸੀਲਬੰਦ ਪੈਕਟ ਨੋਡਲ ਪਰੀਖਿਆ ਕੇਂਦਰ ਵਿਖੇ ਜਮ੍ਹਾਂ ਕਰਵਾਉਣਾ ਕੇਂਦਰ ਕੰਟਰੋਲਰ ਦੀ ਜ਼ਿੰਮੇਵਾਰੀ ਹੋਵੇਗੀ। ਹੱਲ ਹੋਈਆਂ ਉੱਤਰ ਪੱਤਰੀਆਂ ਦੇ ਸੀਲ ਬੰਦ ਪੈਕਟ ਵਿੱਚ ਮੀਮੋ ਦੀ ਕਾਪੀ ਅਤੇ ਇੱਕ ਵੱਖਰੇ ਸੀਲ ਬੰਦ ਲਿਫਾਫੇ ਵਿੱਚ ਮੀਮੋ ਦੀ ਅਸਲ ਕਾਪੀ ਪਰੀਖਿਆ ਸਮਾਮਤ ਹੋਣ ਤੋਂ ਤੁਰੰਤ ਬਾਅਦ ਕੇਂਦਰ ਸੁਪਰਡੰਟ ਤੋਂ ਪ੍ਰਾਪਤ ਕੀਤੀ ਜਾਵੇ। ਹਸਤਾਖਰ ਚਾਰਟ ਅਤੇ ਐਬਸੈਂਟੀ ਮੀਮੋ ਅਲੱਗ ਨਿਰਧਾਰਿਤ ਲਿਫਾਫੇ ਵਿੱਚ, ਹੱਲ ਹੋਈਆਂ ਉੱਤਰ-

ਪੰਨਾ ਪਰਤੋ ਜੀ....

- ਪੱਤਰੀਆਂ/ OMR Sheets ਨੂੰ ਅਲੱਗ ਨਿਰਧਾਰਿਤ ਲਿਫਾਫੇ ਵਿੱਚ ਸੀਲ ਬੰਦ ਅਤੇ ਲਾਸਟ ਪੈਕਟ ਵੱਖਰੇ ਤੌਰ ਤੇ ਥੈਲੀ ਵਿੱਚ ਵੱਖਰੇ ਤੌਰ ਤੇ ਜਮ੍ਹਾਂ ਕਰਵਾਏ ਜਾਣ।

19. ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਫੋਨ ਨੰ: 0172-5227136, 7137, 7138, 7339, 7333, 7334, 7340 ਤੇ ਸੰਪਰਕ ਕੀਤਾ ਜਾਵੇ।

ਸਹਾਇਕ-ਸਕੱਤਰ (ਕ.ਸ.)
ਪੰਜਾਬ ਸਕੂਲ ਸਿੱਖਿਆ ਬੋਰਡ

ਪਿੱਠ ਅੰਕਣ ਨੰ:ਪਸਸਬ-ਕਸ-2025/ 2359 ਮਿਤੀ: 13/03/2025

ਉਪਰੋਕਤ ਦਾ ਉਤਾਰਾ ਪ੍ਰੋਜੈਕਟ ਡਾਇਰੈਕਟਰ, ਸੋਸਾਇਟੀ ਫਾਰ ਪ੍ਰਮੋਸ਼ਨ ਆਫ ਕੁਆਲਿਟੀ ਐਜੁਕੇਸ਼ਨ ਫਾਰ ਪੂਅਰ ਐਂਡ ਮੈਰੀਟੋਰੀਅਸ ਸਟੂਡੈਂਟਸ ਆਫ ਪੰਜਾਬ, ਪੰਜਵੀਂ ਮੰਜ਼ਿਲ, ਦਫਤਰ, ਡਾਇਰੈਕਟਰ ਸਕੂਲ ਸਿੱਖਿਆ, ਪੰਜਾਬ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

ਸਹਾਇਕ-ਸਕੱਤਰ (ਕ.ਸ.)
ਪੰਜਾਬ ਸਕੂਲ ਸਿੱਖਿਆ ਬੋਰਡ।